**BCM School Basant Avenue Dugri ludhiana**

**Class -XI**

**Subject -Punjabi (104)**

**Assignment Solution**

1.ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਵਿਕਲਪ ਅੱਗੇ ਦਾ ਨਿਸ਼ਾਨ ਲਾਓ।

ਗੁਰੂ ਅਰਜਨ ਦੇਵ ਜੀ ਸਿੱਖ ਪੰਥ ਦੇ ਮਹਾਨ ਉਸਰੱਈਏ ਸਨ, ਜਿਨ੍ਹਾਂ ਨੇ ਆਪਣੇ ਅਣਥੱਕ ਯਤਨਾਂ ਦੁਆਰਾ ਸਿੱਖਾਂ ਦੇ ਮਹਾਨ ਧਾਰਮਿਕ ਗ੍ਰੰਥ ਨੂੰ ਸੰਪਾਦਿਤ ਕੀਤਾ ਅਤੇ ਇਸ ਅਰਸ਼ੀ ਬਾਣੀ ਨੂੰ ਹਰ ਤਰ੍ਹਾਂ ਦੇ ਰੋਲੇ ਤੋਂ ਬਚਾਇਆ।ਆਪ ਨੇ ਸਿੱਖਾਂ ਵਿੱਚ ਦਸਵੰਧ ਕੱਢਣ ਦੀ ਪ੍ਰਥਾ ਚਲਾਈ। ਇਹ ਰਕਮ ਮਸੰਦਾਂ ਰਾਹੀਂ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਪੁਚਾਈ ਜਾਂਦੀ ਸੀ, ਜਿਸ ਨਾਲ ਆਪ ਭਵਨ ਉਸਾਰੀ ਆਦਿ ਦੇ ਕੰਮ ਕਰਿਆ ਕਰਦੇ ਸਨ। ਆਪ ਨੇ 1599 ਈ: ਨੂੰ ਅੰਮ੍ਰਿਤਸਰ ਵਿੱਚ ਅੰਮ੍ਰਿਤ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਨੂੰ ਬਣਵਾਇਆ। ਆਪ ਨੇ ਸਿੱਖੀ ਪ੍ਰਚਾਰ ਕਰਦਿਆਂ ਤਰਨਤਾਰਨ (ਜ਼ਿਲ੍ਹਾ ਅੰਮ੍ਰਿਤਸਰ), ਕਰਤਾਰਪੁਰ (ਜ਼ਿਲ੍ਹਾ ਜਲੰਧਰ) ਤੋਂ ਇਲਾਵਾ ਸ੍ਰੀ ਹਰਿਗੋਬਿੰਦਪੁਰ (ਜ਼ਿਲ੍ਹਾ ਗੁਰਦਾਸਪੁਰ) ਆਦਿ ਨਗਰਾਂ ਨੂੰ ਵਸਾਇਆ। ਆਪ ਨੇ ਗੁਰੂ ਨਾਨਕ ਦੇਵ ਜੀ ਦੇ ਸਰਬ ਸਾਂਝੇ ਧਰਮ 'ਤੇ ਚਲਦਿਆਂ ਹੋਇਆਂ ਨਾ ਕੇਵਲ ਆਪਣਾ 'ਉਪਦੇਸ਼ ਚਹੁੰ ਵਰਨਾਂ ਕਉ ਸਾਂਝਾ' ਦਿੱਤਾ, ਸਗੋਂ ਸਿੱਖਾਂ ਦੇ ਮਹਾਨ ਮੰਦਰ, ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਇੱਕ ਮੁਸਲਮਾਨ ਫ਼ਕੀਰ ਮੀਆਂ ਮੀਰ ਪਾਸੇ ਰਖਵਾਈ। ਆਪ ਰੋਗੀਆਂ ਦੇ ਦਰਦੀ ਸਨ। ਆਪ ਨੇ ਕੋਹੜੀਆਂ ਦੀ ਦੇਖ-ਭਾਲ ਲਈ ਤਰਨਤਾਰਨ ਵਿੱਚ ਇੱਕ ਆਸ਼ਰਮ ਖੋਲ੍ਹਿਆ, ਜੋ ਹੁਣ ਤੀਕ ਚੱਲ ਰਿਹਾ ਹੈ।

ਪ੍ਰਸ਼ਨ 1. ਸਿੱਖ ਪੰਥ ਦੇ ਮਹਾਨ ਉਸਰੱਈਏ ਕਿਨ੍ਹਾਂ ਨੂੰ ਕਿਹਾ ਗਿਆ ਹੈ ?

(ੳ) ਗੁਰੂ ਅਰਜਨ ਦੇਵ ਜੀ

ਪ੍ਰਸ਼ਨ 2. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਮਹਾਨ ਕਾਰਜ ਕਿਹੜਾ ਕੀਤਾ ?

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ

ਪ੍ਰਸ਼ਨ 3. ਦਸਵੰਧ ਦੀ ਰਕਮ ਕਿੱਥੇ ਪਹੁੰਚਾਈ ਜਾਂਦੀ ਸੀ ?

(ੲ) ਅੰਮ੍ਰਿਤਸਰ

ਪ੍ਰਸ਼ਨ 4. ਦਸਵੰਧ ਦੀ ਰਕਮ ਕਿਸ ਕਾਰਜ ਵਾਸਤੇ ਵਰਤੀ ਜਾਂਦੀ ਸੀ ?

(ੲ) ਭਵਨ ਉਸਾਰੀ ਲਈ

ਪ੍ਰਸ਼ਨ 5. ਗੁਰੂ ਜੀ ਨੇ ਤਰਨਤਾਰਨ ਵਿਖੇ ਕਿਹੜਾ ਆਸ਼ਰਮ ਖੋਲ੍ਹਿਆ ?

(ਸ) ਕੋਹੜੀਆਂ ਦੀ ਦੇਖ ਭਾਲ ਲਈ

ਪ੍ਰਸ਼ਨ 6. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਕੋਲੋਂ ਰਖਵਾਈ ?

(ੳ) ਸਾਈਂ ਮੀਆਂ ਮੀਰ ਜੀ ਕੋਲੋਂ

ਪ੍ਰਸ਼ਨ 7. ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

(ੲ) ਮਹਾਨ ਉਸਰੱਈਏ ਸ੍ਰੀ ਗੁਰੂ ਅਰਜਨ ਦੇਵ ਜੀ

2. ਕਿਸੇ ਇੱਕ ਵਿਸ਼ੇ ਉੱਪਰ ਪੱਤਰ ਰਚਨਾ ਲਿਖੋ-

ਵਿਦਿਆਰਥੀ ਇਸ ਪ੍ਰਸ਼ਨ ਦਾ ਉੱਤਰ ਆਪਣੀ ਸਮਝ ਦੇ ਅਨੁਸਾਰ ਦੇਣਗੇ।

3.ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200-250 ਸ਼ਬਦਾਂ ਵਿੱਚ ਲੇਖ ਲਿਖੋ।

ਵਿਦਿਆਰਥੀ ਲੇਖ ਆਪਣੀ ਸਮਝ ਦੇ ਅਨੁਸਾਰ ਲਿਖਣਗੇ।

4. ਤੁਹਾਡੇ ਇਲਾਕੇ ਵਿੱਚ ਇੱਕ ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ ਲੱਗ ਰਿਹਾ ਹੈ ਜਿਸ ਸੰਬੰਧੀ ਅਖਬਾਰ ਵਿੱਚ ਦੇਣ ਲਈ ਇੱਕ ਇਸ਼ਤਿਹਾਰ ਤਿਆਰ ਕਰੋ।

ਇਸ਼ਤਿਹਾਰ ਸਬੰਧੀ ਜ਼ਰੂਰੀ ਨੁਕਤਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀ ਇਸ ਪ੍ਰਸ਼ਨ ਦਾ ਉੱਤਰ ਆਪਣੀ ਸਮਝ ਅਨੁਸਾਰ ਦੇਣਗੇ।

5. ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਵਿੱਚੋਂ ਕਿਸੇ ਪੰਜ ਸ਼ਬਦਾਂ ਦੇ ਪੰਜਾਬੀ ਅਨੁਵਾਦ ਲਿਖੋ :

Approximate, Capital, Delay regretted, Head office,Formal approval, Employee

ਲਗਭਗ, ਪੂੰਜੀ, ਦੇਰੀ ਲਈ ਖਿਮਾ, ਮੁੱਖ ਦਫਤਰ ,ਰਸਮੀ ਪ੍ਰਵਾਨਗੀ, ਕਰਮਚਾਰੀ

6. ਵਾਕ ਅਨੁਵਾਦ

1.Please issue me a gift check worth rupees 501 and debit the amount from my saving account. ਕਿਰਪਾ ਕਰਕੇ ਮੈਨੂੰ ਰੁਪਏ 500 ਦਾ ਇੱਕ ਉਪਹਾਰ ਚੈੱਕ ਜਾਰੀ ਕੀਤਾ ਜਾਵੇ ਅਤੇ ਬਣਦੀ ਰਕਮ ਮੇਰੇ ਬਚਤ ਖਾਤੇ ਵਿੱਚੋਂ ਕੱਟ ਲਈ ਜਾਵੇ।

2.Crossing the railway track is prohibited. ਰੇਲਵੇ ਪਟੜੀ ਲੰਘਣ ਦੀ ਸਖਤ ਮਨਾਹੀ ਹੈ।

3.Post office savings bank is a useful scheme for salaried persons. ਡਾਕ ਘਰ ਬੱਚਤ ਯੋਜਨਾ ਤਨਖਾਹਦਾਰਾਂ ਵਾਸਤੇ ਇੱਕ ਲਾਭਕਾਰੀ ਯੋਜਨਾ ਹੈ

4.Nowadays vehicle insurance is also necessary. ਅੱਜ ਕੱਲ ਮੋਟਰ ਗੱਡੀਆਂ ਦਾ ਬੀਮਾ ਵੀ ਜ਼ਰੂਰੀ ਹੋ ਗਿਆ ਹੈ।

7. ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋਂ-

ਖੂਨ ਸਫੈਦ ਹੋਣਾ, ਆਪਣੇ ਤਰਕਸ ਵਿੱਚ ਤੀਰ ਹੋਣਾ, ਜੀਭ ‘ਤੇ ਜਿੰਦਰਾ ਲਾਉਣਾ

ਇਹਨਾਂ ਮੁਹਾਵਰਿਆਂ ਨੂੰ ਵਿਦਿਆਰਥੀ ਆਪਣੀ ਸਮਝ ਦੇ ਅਨੁਸਾਰ ਵਾਕਾਂ ਵਿੱਚ ਵਰਤਣਗੇ।

8. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਦਿਓ-

1.ਸਾਡਾ ਚਿੜੀਆਂ ਦਾ ਚੰਬਾ ਸੁਹਾਗ ਵਿੱਚ ਬਾਬਲ ਅਤੇ ਧੀ ਦੇ ਵਿਚਕਾਰ ਕਿਹੜੀ ਵਾਰਤਾਲਾਪ ਹੋਈ ?

ਉੱਤਰ -ਧੀ ਦੁਆਰਾ ਬਾਬਲ ਦਾ ਘਰ ਨਾ ਛੱਡ ਕੇ ਜਾਣ ਲਈ ਬਹਾਨੇ ਬਣਾਉਣਾ, ਬਾਬਲ ਦੇ ਵੱਲੋਂ ਹਰ ਰੁਕਾਵਟ ਦੂਰ ਕਰਦੇ ਹੋਏ ਧੀ ਨੂੰ ਆਪਣੇ ਘਰ ਭੇਜਣ ਦੀ ਇੱਛਾ ਜਾਹਰ ਕਰਨੀ।

2. ਸਿੱਠਣੀਆਂ ਵਿੱਚ ਹਾਸੇ ਮਜ਼ਾਕ ਲਈ ਕਿਹੋ ਜਿਹੇ ਵਿਸ਼ੇ ਚੁਣੇ ਜਾਂਦੇ ਹਨ?

ਉੱਤਰ- ਲਾੜੇ ਦੀ ਸਰੀਰਕ ਬਣਤਰ ,ਉਸਦੇ ਪਰਿਵਾਰ ਬਾਰੇ , ਲਾੜੇ ਦੇ ਪਰਿਵਾਰ ਦੀ ਕੰਜੂਸੀ

3.ਟੱਪਿਆਂ ਦੇ ਵਿੱਚ ਕਿਹੜੇ ਕਿਹੜੇ ਮਨੁੱਖੀ ਰਿਸ਼ਤਿਆਂ ਨੂੰ ਵਿਸ਼ਾ ਬਣਾਇਆ ਗਿਆ ਹੈ?

ਉੱਤਰ -ਰਿਸ਼ਤੇ ਨਾਤੇ ,ਜੀਵਨ ਦੀਆਂ ਸੱਚਾਈਆਂ , ਲੋਕ ਸਿਆਣਪਾ ,

9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ-

1. ਲੂਣਾ ਨੇ ਆਪਣੇ ਗੁਨਾਹ ਦਾ ਇਕਬਾਲ ਕਦੋਂ ਅਤੇ ਕਿਵੇਂ ਕੀਤਾ?

ਉੱਤਰ -ਜਦੋਂ ਪੂਰਨ ਜੋਗੀ ਬਣ ਕੇ ਸਿਆਲਕੋਟ ਆਇਆ , ਉਸ ਦੇ ਦੁਆਰਾ ਉਨਾਂ ਦੇ ਪਹਿਲੇ ਪੁੱਤਰ ਬਾਰੇ ਪੁੱਛਣ 'ਤੇ ।

2. ਦੁੱਲੇ ਦੇ ਬਾਗੀ ਤਬੀਅਤ ਹੋਣ ਵਿੱਚ ਕਿਹੜੀਆਂ- ਕਿਹੜੀਆਂ ਘਟਨਾਵਾਂ ਦਾ ਹੱਥ ਸੀ?

   ਉੱਤਰ-ਮੁਗਲ ਹਾਕਮ ਅਕਬਰ ਦੇ ਦੁਆਰਾ ਉਸਦੇ ਪਿਓ ਦਾਦੇ ਨੂੰ ਸਜ਼ਾ ਦੇਣੀ

3. ਪੂਰਨ ਭਗਤ ਜੋਗੀ ਕਿਵੇਂ ਬਣਿਆ?

   ਉੱਤਰ -ਜਦੋਂ ਉਸਦੇ ਹੱਥ ਪੈਰ ਵੱਢ ਕੇ ਖੂਹ ਵਿੱਚ ਸੁੱਟਿਆ ਗਿਆ ਅਤੇ ਗੋਰਖ ਨਾਥ ਦੇ ਸੰਪਰਕ ਵਿੱਚ ਆਉਣ ਤੇ